

## ਆਪਣੇ ਖਾਤੇ ਅਤੇ ਸੇਵਾਵਾਂ ਨੂੰ ਸੁਰੱਖਿਅਤ ਰੱਖੋ

- ਨਾ ਕਰੋ ਜਾਇਦਾਦ ਨੂੰ ਸੰਭਾਲਣ ਵਿੱਚ ਦੂਜਿਆਂ ਦੀ ਮਦਦ ਨਾ ਕਰੋ ਜਿਹੜੀ ਕਿ ਤੁਹਾਡੀ ਨਹੀਂ ਹੈ
- ਨਾ ਕਰੋ ਮਨਜ਼ੂਰੀ ਦੇ ਬਿਨਾ ਦੂਜਿਆਂ ਨੂੰ ਆਪਣਾ ਖਾਤਾ ਵਰਤਣ ਨਾ ਦਿਓ



- ਆਪਣੀ ਨਿੱਜੀ ਜਾਣਕਾਰੀ, ਖਾਤੇ ਦੀ ਜਾਣਕਾਰੀ, ਸੁਰੱਖਿਆ ਯੰਤਰ, ਇੰਟਰਨੈੱਟ ਬੈਂਕਿੰਗ ਆਈ.ਡੀ. ਅਤੇ ਪਾਸਵਰਡ, ATM ਕਾਰਡ, ਕਰੈਡਿਟ ਕਾਰਡ, ਕਾਰਡ ਵੈਰੀਫਿਕੇਸ਼ਨ ਵੈਲਿਊ ਜਾਂ ਚੈੱਕ ਬੁੱਕ ਦੂਜਿਆਂ ਨਾਲ ਸਾਂਝੀ ਨਾ ਕਰੋ



- ਆਪਣੇ ਸੁਰੱਖਿਅਤ ਡਿਪੋਜ਼ਿਟ ਲਾਕਰ ਨੂੰ ਕਿਸੇ ਤੀਜੀ ਪਾਰਟੀ ਨੂੰ ਕਿਰਾਏ ਉੱਤੇ ਨਾ ਦੇਵੋ, ਕਿਸੇ ਤੀਜੀ ਪਾਰਟੀ ਨਾਲ ਕਿਰਾਇਆ ਨਾ ਵੰਡੋ ਜਾਂ ਦੂਜਿਆਂ ਨਾਲ ਉਸ ਦੀ ਵਰਤੋਂ ਸਾਂਝੀ ਨਾ ਕਰੋ
- ਆਪਣੇ ਸੁਰੱਖਿਅਤ ਡਿਪੋਜ਼ਿਟ ਲਾਕਰ ਦੀ ਵਰਤੋਂ ਕਿਸੇ ਗੈਰ-ਕਾਨੂੰਨੀ ਕੰਮ ਲਈ, ਜਾਂ ਫਟਣ ਜਾਂ ਜੰਗ ਲੱਗਣ ਵਾਲੇ ਪਦਾਰਥਾਂ ਵਰਗੀਆਂ ਖ਼ਤਰਨਾਕ ਚੀਜ਼ਾਂ ਨੂੰ ਸੰਭਾਲਣ ਲਈ ਨਾ ਕਰੋ। ਉਸ ਨੂੰ ਕਿਸੇ ਵੀ ਏਦਾਂ ਦੇ ਤਰੀਕੇ ਨਾਲ ਨਾ ਵਰਤੋ ਜਿਸ ਨਾਲ ਦੂਜਿਆਂ ਨੂੰ ਤਕਲੀਫ ਹੋ ਸਕੇ। ਉਚਿਤ ਨਿਯਮਾਂ ਅਤੇ ਸ਼ਰਤਾਂ ਨੂੰ ਤੋੜਨ ਉੱਤੇ, ਸਾਨੂੰ ਤੁਹਾਨੂੰ ਸੁਰੱਖਿਅਤ ਲਾਕਰ ਦੀ ਸੇਵਾ ਪ੍ਰਦਾਨ ਕਰਨਾ ਬੰਦ ਕਰਨਾ ਪੈ ਸਕਦਾ ਹੈ



- ਪੱਕਾ ਕਰੋ ਕਿ ਤੁਹਾਡੇ ਜਾਂ ਤੁਹਾਡੇ ਮੁਕੱਰਰ ਕੀਤੇ ਮੁਖਤਾਰ ਤੋਂ ਇਲਾਵਾ ਹੋਰ ਕਿਸੇ ਨੂੰ ਵੀ ਤੁਹਾਡੇ ਸੁਰੱਖਿਅਤ ਡਿਪੋਜ਼ਿਟ ਲਾਕਰ ਦੀ ਵਰਤੋਂ ਕਰਨ ਦੀ ਮਨਜ਼ੂਰੀ ਨਹੀਂ ਹੈ



- ਬੈਂਕ ਦਾ ਨਾਮ ਲੈ ਕੇ ਕੀਤੀਆਂ ਜਾਣ ਵਾਲੀਆਂ ਘੋਟਾਲੇ ਵਾਲੀਆਂ ਕਾਲਾਂ ਅਤੇ ਠੱਗੀ ਵਾਲੇ ਈ-ਮੇਲਾਂ ਦੇ ਖਿਲਾਫ ਚੌਕਸ ਰਹੋ




- ਐਂਟੀ-ਵਾਇਰਸ ਸੌਫਟਵੇਅਰ, ਇੱਕ ਸੁਰੱਖਿਤ ਨੈੱਟਵਰਕ ਕਨੈਕਸ਼ਨ ਅਤੇ ਫਾਇਰ-ਵਾਲ ਸੁਰੱਖਿਆ ਦੀ ਵਰਤੋਂ ਕਰਕੇ ਇਹ ਪੱਕਾ ਕਰੋ ਕਿ ਤੁਹਾਡੇ ਕੰਪਿਊਟਰ ਦੀ ਸੁਰੱਖਿਆ ਨਵਪੂਰਤ ਹੈ

# ਜੇ ਤੁਹਾਡੀ ਗਾਹਕੀ ਜਾਣਕਾਰੀ ਨੂੰ ਨਵਪੂਰਤ ਨਹੀਂ ਰੱਖਿਆ ਜਾਂਦਾ ਤਾਂ ਕੀ ਹੋ ਸਕਦਾ ਹੈ?

**ਸਾਡੇ ਕੋਲ ਸਾਡੇ ਸਾਰੇ ਗਾਹਕਾਂ ਬਾਰੇ ਸਹੀ ਜਾਣਕਾਰੀ ਹੋਣਾ ਸਾਡੀ ਕਾਲੇ ਧਨ ਨੂੰ ਸਫ਼ੇਦ ਬਣਾਉਣ, ਫਰੇਬੀ ਸੌਦਿਆਂ ਜਾਂ ਟੈਕਸ ਤੋਂ ਬਚਣ ਦੀਆਂ ਕੋਸ਼ਿਸ਼ਾਂ ਦੀ ਖੋਜ ਕਰਨ ਅਤੇ ਉਨ੍ਹਾਂ ਨੂੰ ਰੋਕਣ ਦੀ ਸਮਰੱਥਾ ਦਾ ਇੱਕ ਜ਼ਰੂਰੀ ਹਿੱਸਾ ਹੈ।**



- ਤੁਹਾਡੀ ਨਵਪੂਰਤ ਜਾਣਕਾਰੀ ਨਾ ਹੋਣ ਉੱਤੇ, ਸਾਨੂੰ ਸ਼ਾਇਦ ਤੁਹਾਨੂੰ ਖਾਤੇ ਨਾਲ ਹੋਏ ਉਨ੍ਹਾਂ ਸੌਦਿਆਂ ਬਾਰੇ ਪੁੱਛਣਾ ਪਵੇਗਾ ਜਿਹੜੇ ਕਿ ਤੁਹਾਡੀ ਮੌਜੂਦਾ ਪ੍ਰੋਫ਼ਾਈਲ ਨਾਲ ਨਹੀਂ ਮਿਲਦੇ। ਉਦਾਹਰਣ ਵਿੱਚ ਸ਼ਾਮਿਲ ਹੈ ਸਹਿਯੋਗੀ ਦਸਤਾਵੇਜ਼ਾਂ ਤੋਂ ਬਿਨਾ ਜਮ੍ਹਾਂ ਕਰਵਾਈ ਵੱਡੀ ਰਕਮ ਜਿਹੜੀ ਕਿ ਤੁਹਾਡੀ ਆਮ ਨਿੱਜੀ ਖਾਤੇ ਦੀ ਪ੍ਰੋਫਾਈਲ ਨਾਲ ਨਹੀਂ ਮਿਲਦੀ ਅਤੇ ਜਿਸ ਦੀ ਪੜਤਾਲ ਕਰਨੀ ਮੁਸ਼ਕਿਲ ਹੈ ਜਿਵੇਂ ਕਿ ਵੱਡੀ ਰਕਮ ਦੇ ਵਾਇਰ ਟਰਾਂਸਫਰ ਜਾਂ ਜਮਾਂ ਕਰਵਾਏ ਪੈਸੇ
- ਜੇ ਤੁਹਾਡੇ ਨਿੱਜੀ ਖਾਤੇ ਵਿੱਚ ਹੋਈ ਅਸਾਧਾਰਨ ਕਿਰਿਆ ਬਾਰੇ ਸਮਝਾਇਆ ਨਹੀਂ ਜਾ ਸਕਦਾ, ਤਾਂ ਸਾਡੇ ਕੋਲ ਬਾਹਰ ਪੈਸੇ ਭੇਜਣ ਵਰਗੀਆਂ ਕੁਝ ਖਾਸ ਬੈਂਕ ਦੀਆਂ ਸੇਵਾਵਾਂ ਨੂੰ ਟਾਲਣ ਜਾਂ ਉਨ੍ਹਾਂ ਉੱਤੇ ਪਾਬੰਦੀ ਲਾਉਣ, ਜਾਂ ਤੁਹਾਡੇ ਨਾਲ ਸਾਡੇ ਬੈਂਕ ਸੰਬੰਧੀ ਕੰਮਾਂ ਦਾ ਅੰਤ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੋਵੇਗਾ
- ਸਾਡੀ ਜਾਣਕਾਰੀ ਲਈ ਮੰਗਾਂ ਦਾ ਜਵਾਬ ਦੇਣਾ ਸਾਡੀ ਤੁਹਾਡੇ ਖਾਤੇ ਦੀ ਕਿਰਿਆ ਨੂੰ ਸਮਝਣ ਵਿੱਚ ਅਤੇ ਇਹ ਪੱਕਾ ਕਰਨ ਵਿੱਚ ਮਦਦ ਕਰਦਾ ਹੈ ਕਿ ਸੇਵਾਵਾਂ ਅਚਾਨਕ ਭੰਗ ਨਾ ਹੋਣ ਅਤੇ ਖਾਤੇ ਬੰਦ ਨਾ ਹੋਣ
- ਜਿੰਨੀ ਜਲਦੀ ਹੋ ਸਕੇ ਆਪਣੇ ਬੈਂਕ ਨੂੰ ਆਪਣੀ ਉਸ ਜਾਣਕਾਰੀ ਵਿੱਚ ਬਦਲਾਓ ਬਾਰੇ ਸੂਚਿਤ ਕਰੋ ਜਿਸ ਕਾਰਨ ਤੁਹਾਡੇ ਖਾਤੇ ਦੀ ਕਿਰਿਆ ਬਦਲ ਸਕਦੀ ਹੈ – ਜਿਵੇਂ ਕਿ, ਪਰਿਵਾਰਕ ਹਾਲਾਤਾਂ, ਰੋਜ਼ਗਾਰ, ਜਾਂ ਤੁਹਾਡੇ ਰਿਹਾਇਸ਼ ਦੇ ਦੇਸ਼/ਇਲਾਕੇ ਵਿੱਚ ਬਦਲਾਓ



# ਆਰਥਿਕ ਅਪਰਾਧ ਨਾਲ ਲੜਨ ਲਈ ਅਸੀਂ ਕਿਸ ਤਰ੍ਹਾਂ ਇਕੱਠੇ ਕੰਮ ਕਰ ਸਕਦੇ ਹਾਂ



**ਅਸੀਂ ਆਰਥਿਕ ਅਪਰਾਧ ਤੋਂ ਉਸ ਆਰਥਿਕ ਵਿਵਸਥਾ ਦਾ ਇਮਾਨ ਬਚਾਉਣ ਲਈ ਵਚਨਬੱਧ ਹਾਂ ਜਿਸ ਉੱਤੇ ਅਸੀਂ ਸਾਰੇ ਨਿਰਭਰ ਕਰਦੇ ਹਾਂ। ਇਹ ਟੀਚਾ ਪੂਰਾ ਕਰਨ ਵਿੱਚ ਉਹ ਜਾਣਕਾਰੀ ਸਾਡੀ ਮਦਦ ਕਰੇਗੀ ਜਿਸ ਦੀ ਮੰਗ ਅਸੀਂ ਤੁਹਾਡੇ ਕੋਲੋਂ ਕਰਦੇ ਹਾਂ।**

## ਤੁਹਾਨੂੰ ਕੀ ਕਰਨਾ ਚਾਹੀਦਾ ਹੈ ਜੇਕਰ ਤੁਸੀਂ ਸਾਡੇ ਵਲੋਂ ਜਾਣਕਾਰੀ ਲਈ ਮੰਗ ਪ੍ਰਾਪਤ ਕਰਦੇ ਹੋ?



- ਸਾਡੇ ਵਲੋਂ ਭੇਜੇ ਪੱਤਰਾਂ, ਈ-ਮੇਲਾਂ ਅਤੇ ਫੋਨ-ਕਾਲਾਂ ਨੂੰ ਧਿਆਨ ਵਿੱਚ ਰੱਖੋ
- ਸਾਡੀਆਂ ਜਾਣਕਾਰੀ ਲਈ ਮੰਗਾਂ ਦਾ ਸਮੇਂ ਉੱਤੇ ਜਵਾਬ ਦੇਵੋ
- ਪੱਕਾ ਕਰੋ ਕਿ ਜਿਹੜੀ ਜਾਣਕਾਰੀ ਤੁਸੀਂ ਸਾਨੂੰ ਮੁਹੱਈਆ ਕਰਵਾਉਂਦੇ ਹੋ, ਉਹ ਪੂਰੀ, ਸਹੀ ਅਤੇ ਨਵਪੂਰਤ ਹੋਵੇ
- ਜੇਕਰ ਤੁਹਾਡੇ ਆਪਣੀ ਨਿੱਜੀ ਜਾਣਕਾਰੀ ਨੂੰ ਨਵਪੂਰਤ ਕਰਨ ਬਾਰੇ ਕੋਈ ਵੀ ਸਵਾਲ ਹਨ ਤਾਂ ਸਾਨੂੰ ਸੰਪਰਕ ਕਰਨ ਵਿੱਚ ਝਿਜਕ ਨਾ ਕਰੋ

## ਸਾਨੂੰ ਸੰਪਰਕ ਕਰੋ

ਕਿਰਪਾ ਕਰਕੇ Hong Kong ਵਿੱਚ ਕਿਸੇ ਵੀ HSBC ਦੀ ਬ੍ਰਾਂਚ ਵਿੱਚ ਜਾਓ ਜਾਂ (852) 2233 3322 (HSBC ਪ੍ਰੀਮਿਅਰ ਗਾਹਕ), (852) 2748 8333 (HSBC ਐਡਵਾਂਸ ਗਾਹਕ) ਜਾਂ (852) 2233 3000 (ਹੋਰ ਨਿੱਜੀ ਗਾਹਕ) ਉੱਤੇ ਫੋਨ ਕਰੋ

ਕਾਰੋਬਾਰੀ ਬੈਂਕਿੰਗ ਦੇ ਲਈ, ਕਿਰਪਾ ਕਰਕੇ ਕਿਸੇ ਵੀ HSBC Business Centre (HSBC ਬਿਜਨਸ ਸੈਂਟਰ) ਉੱਤੇ ਜਾਓ ਜਾਂ ਸਾਡੀ ਕਮਰਸ਼ੀਅਲ ਬੈਂਕਿੰਗ ਸਰਵਿਸ ਦੀ ਹੌਟਲਾਈਨ ਨੂੰ (852) 2748 8288 'ਤੇ ਫੋਨ ਕਰੋ #-(ਭਾਸ਼ਾ ਚੁਣਨ ਤੋਂ ਬਾਅਦ #-0 ਦਬਾਓ)

FSC www.fsc.org MIX Paper from responsible sources FSC™ C009014

The Hongkong and Shanghai Banking Corporation Limited ਵਲੋਂ ਜਾਰੀ ਕੀਤੀ ਗਈ

# ਆਪਣੇ ਬੈਂਕ ਖਾਤੇ ਦਾ ਸਮਝਦਾਰੀ ਨਾਲ ਪ੍ਰਬੰਧਨ ਕਰਨਾ

Hong Kong ਵਿਖੇ ਸਥਿਤ
ਨਿੱਜੀ ਗਾਹਕਾਂ ਲਈ ਇੱਕ ਗਾਈਡ



HSBC

# ਇਹ ਗਾਈਡ ਕਿਸ ਤਰ੍ਹਾਂ ਮਦਦ ਕਰ ਸਕਦੀ ਹੈ?

**ਆਪਣੇ ਬੈਂਕ ਖਾਤੇ ਅਤੇ ਕਿਰਿਆ ਦਾ ਸਹੀ ਪ੍ਰਬੰਧਨ ਤੁਹਾਡੀ ਅਤੇ ਵਿਆਪਕ ਭਾਈਚਾਰੇ ਦੋਹਾਂ ਦੀ ਪੂੰਜੀ ਦੀ ਰੱਖਿਆ ਕਰੇਗਾ।**

ਇਹ ਪੱਕਾ ਕਰਨ ਲਈ ਕਿ ਤੁਹਾਡੀ ਬੈਂਕਿੰਗ ਸਿੱਧੀ ਅਤੇ ਸੌਖੀ ਰਹੇ, ਉਸ ਨੂੰ ਧੋਖੇ ਅਤੇ ਆਰਥਿਕ ਅਪਰਾਧ ਤੋਂ ਬਚਾਉਂਦਿਆਂ, ਇਹ ਗਾਈਡ ਹੇਠ ਲਿਖੇ ਵਿਸ਼ਿਆਂ ਉੱਤੇ ਲਾਭਦਾਇਕ ਸੁਝਾਓ ਮੁਹੱਈਆ ਕਰਵਾਉਂਦੀ ਹੈ:



- ਆਪਣਾ ਖਾਤਾ ਹਰ ਦਿਨ ਕਿਸ ਤਰ੍ਹਾਂ ਸਭ ਤੋਂ ਵਧੀਆ ਸੰਭਾਲਿਆ ਜਾ ਸਕਦਾ ਹੈ
- ਜੇਕਰ ਤੁਹਾਡੀ ਗਾਹਕੀ ਜਾਣਕਾਰੀ ਨੂੰ ਨਵਪੂਰਤ ਨਹੀਂ ਰੱਖਿਆ ਜਾਂਦਾ, ਤਾਂ ਕੀ ਹੋ ਸਕਦਾ ਹੈ
- ਆਰਥਿਕ ਅਪਰਾਧ ਨਾਲ ਲੜਨ ਲਈ ਅਸੀਂ ਕਿਸ ਤਰ੍ਹਾਂ ਇਕੱਠੇ ਕੰਮ ਕਰ ਸਕਦੇ ਹਾਂ


# ਆਪਣਾ ਖਾਤਾ ਹਰ ਦਿਨ ਕਿਸ ਤਰ੍ਹਾਂ ਸਭ ਤੋਂ ਵਧੀਆ ਸੰਭਾਲਿਆ ਜਾ ਸਕਦਾ ਹੈ

**ਇਹ ਕੁਝ ਆਦਤਾਂ ਅਤੇ ਕਿਰਿਆਵਾਂ ਹਨ ਜਿਹੜੀਆਂ ਕਿ ਤੁਹਾਡੀ ਆਪਣੇ ਖਾਤੇ ਨੂੰ ਚੰਗੀ ਤਰ੍ਹਾਂ ਸੰਭਾਲਣ ਵਿੱਚ ਮਦਦ ਕਰ ਸਕਦੀਆਂ ਹਨ ਅਤੇ ਤੁਹਾਨੂੰ ਧੋਖੇ ਅਤੇ ਆਰਥਿਕ ਅਪਰਾਧ ਤੋਂ ਬਚਾ ਸਕਦੀਆਂ ਹਨ:**



## ਨਿੱਜੀ ਖਾਤਿਆਂ ਨੂੰ ਨਿੱਜੀ ਕੰਮਾਂ ਲਈ ਰੱਖੋ

- ਕਾਰੋਬਾਰੀ ਕੰਮਾਂ ਲਈ ਆਪਣੇ ਨਿੱਜੀ ਖਾਤੇ ਦੀ ਵਰਤੋ ਨਾ ਕਰੋ, ਜਿਵੇਂ ਕਿ ਸਪਲਾਇਰ ਨੂੰ ਪੈਸੇ ਦੇਣਾ ਜਾਂ ਵਿਕਰੀ ਦੀ ਕਮਾਈ ਵਸੂਲ ਕਰਨਾ, ਕਿਉਂਕਿ ਇਹ ਖਾਤੇ ਦੇ ਉਦੇਸ਼ ਨਾਲੋਂ ਵੱਖਰੇ ਹਨ ਅਤੇ ਇਨ੍ਹਾਂ ਦੀ ਪੜਤਾਲ ਕਰਨੀ ਔਖੀ ਹੈ। ਇਸ ਤਰ੍ਹਾਂ ਦਾ ਲੈਣ-ਦੇਣ ਬੈਂਕਾਂ ਲਈ ਸ਼ੱਕ ਵੀ ਪੈਦਾ ਕਰ ਸਕਦਾ ਹੈ ਕਿਉਂਕਿ ਇਹ ਵਤੀਰਾ ਜ਼ਿਆਦਾਤਰ ਉਸ ਵਤੀਰੇ ਨਾਲ ਮਿਲਦਾ-ਜੁਲਦਾ ਹੋ ਸਕਦਾ ਹੈ ਜਿਹੜਾ ਕਿ ਕਾਲੇ ਧਨ ਨੂੰ ਸਫੈਦ ਕਰਨਾ, ਧੋਖੇ ਜਾਂ ਟੈਕਸ ਤੋਂ ਬਚਣ ਦੀ ਕੋਸ਼ਿਸ਼ ਵਰਗੀਆਂ ਮਾੜੀਆਂ ਕਿਰਿਆਵਾਂ ਵਿੱਚ ਦੇਖਿਆ ਜਾਂਦਾ ਹੈ



- ਕਾਰੋਬਾਰ ਦੇ ਮਾਲਿਕਾਂ ਦਾ ਉਨ੍ਹਾਂ ਦੇ ਕਾਰੋਬਾਰੀ ਸਾਥੀਆਂ ਤੋਂ ਉਨ੍ਹਾਂ ਦੇ ਨਿੱਜੀ ਖਾਤਿਆਂ ਵਿੱਚ ਕਾਨੂੰਨੀ ਤਰੀਕੇ ਨਾਲ ਪੈਸੇ ਲੈਣ, ਜਿਵੇਂ ਕਿ ਤਨਖਾਹ ਦਾ ਪੈਸਾ, ਡਾਇਰੈਕਟਰ ਦੀ ਤਨਖਾਹ, ਡਾਇਰੈਕਟਰ ਦੇ ਦਰਜ ਕੀਤੇ ਕਰਜ਼ ਦਾ ਭੁਗਤਾਨ, ਡਿਵੀਡੈਂਡ, ਕੰਪਨੀ ਵਿੱਚ ਹਿੱਸਾ ਖਰੀਦਣਾ ਜਾਂ ਵੇਚਣਾ ਅਤੇ ਨਿੱਜੀ ਖਰਚਿਆਂ ਦਾ ਭੁਗਤਾਨ ਕਰਨ, ਵਿੱਚ ਕੋਈ ਸਮੱਸਿਆ ਨਹੀਂ ਹੈ ਲੇਕਿਨ ਇਸ ਸ਼ਰਤ ਉੱਤੇ ਕਿ ਇਨ੍ਹਾਂ ਦੇ ਸਹੀ ਦਸਤਾਵੇਜ਼ ਬਣਾਏ ਗਏ ਹੋਣ



- **ਆਪਣੀਆਂ ਕਾਰੋਬਾਰੀ ਲੋੜਾਂ ਲਈ ਕਾਰੋਬਾਰੀ ਬੈਂਕਿੰਗ ਸੇਵਾਵਾਂ ਦੀ ਵਰਤੋਂ ਕਰੋ** ਤਾਂ ਜੋ ਤੁਸੀਂ ਖਾਸ ਸੇਵਾਵਾਂ, ਉਤਪਾਦਾਂ ਅਤੇ ਸਲਾਹ ਦਾ ਆਨੰਦ ਮਾਣ ਸਕੋ ਜਿਹੜਾ ਕਿ ਨਿੱਜੀ ਗਾਹਕਾਂ ਲਈ ਉਪਲਬਧ ਨਹੀਂ ਹੈ। ਵਿਕਰੀ ਦੀ ਕਮਾਈ ਆਪਣੇ ਨਿੱਜੀ ਖਾਤੇ ਰਾਹੀਂ ਜਮ੍ਹਾਂ ਕਰਵਾਉਣਾ ਤੁਹਾਡੇ ਕਾਰੋਬਾਰ ਦੇ ਖਾਤੇ ਅਤੇ ਟੈਕਸ ਸੰਬੰਧਿਤ ਸਥਿਤੀ ਨੂੰ ਖ਼ਰਾਬ ਕਰ ਸਕਦਾ ਹੈ, ਜਿਸ ਨਾਲ ਉਸ ਦਾ ਕਰਜ਼ੇ ਦੀਆਂ ਸੇਵਾਵਾਂ ਪ੍ਰਾਪਤ ਕਰਨ ਉੱਤੇ ਫਰਕ ਪੈ ਸਕਦਾ ਹੈ

- **ਜੇਕਰ ਤੁਹਾਨੂੰ ਲੱਗਦਾ ਹੈ ਕਿ ਇੱਕ ਖਾਸ ਸਮੇਂ ਉੱਤੇ ਤੁਹਾਡੇ ਖਾਤੇ ਵਿੱਚ ਆਮ ਨਾਲੋਂ ਵੱਧ ਕੀਮਤ ਜਾਂ ਜ਼ਿਆਦਾ ਲੈਣ-ਦੇਣ ਹੋ ਸਕਦੇ ਹਨ** – ਜਿਵੇਂ ਕੇ, ਫੰਡਿੰਗ ਦੇ ਨਵੇਂ ਸਰੋਤ ਜਾਂ ਤੀਜੀ ਪਾਰਟੀ ਨਾਲ ਲੈਣ-ਦੇਣ, ਤਾਂ ਸਮੇਂ ਉੱਤੇ ਆਪਣੇ ਬੈਂਕ ਨੂੰ ਸੂਚਿਤ ਕਰੋ

## ਚੰਗੇ ਰਿਕਾਰਡ ਰੱਖੋ

- ਆਪਣੇ ਬੈਂਕ ਦੇ ਖਾਤਿਆਂ ਦੀ ਬਾਕਾਇਦਾ ਪੜਤਾਲ ਕਰੋ ਅਤੇ ਸਾਰੀ ਗਤੀਵਿਧੀਆਂ ਨੂੰ ਆਪਣੀ ਬੈਂਕ ਸਟੇਟਮੈਂਟ ਨਾਲ ਮਿਲਾਓ
- ਪੱਕਾ ਕਰੋ ਕਿ ਤੁਸੀਂ ਕਮਾਈ, ਟਰਾਂਸਫਰ ਅਤੇ ਖਰਚੇ ਦੇ ਰਿਕਾਰਡ, ਅਤੇ ਰਸੀਦਾਂ, ਬਿੱਲ ਅਤੇ ਸੰਬੰਧਿਤ ਦਸਤਾਵੇਜ਼ ਰੱਖਦੇ ਹੋ
- ਪੈਸਿਆਂ ਦੇ ਸਰੋਤ ਅਤੇ ਮੰਜ਼ਿਲ ਨੂੰ ਆਸਾਨੀ ਨਾਲ ਲੱਭਣ ਲਈ, ਪੈਸਿਆਂ ਦੇ ਲੈਣ-ਦੇਣ ਲਈ ਇਲੈਕਟ੍ਰਾਨਿਕ ਸਾਧਨਾਂ ਦੀ ਵਰਤੋਂ ਕਰੋ ਜਿਵੇਂ ਕਿ ਟੈਲੀਗ੍ਰਾਫ਼ਿਕ ਟਰਾਂਸਫਰ ਅਤੇ ਇਲੈਕ੍ਟ੍ਰਾਨਿਕ ਬੈਂਕ ਟਰਾਂਸਫਰ
- ਟੈਕਸ ਪ੍ਰਤੀ ਆਪਣੇ ਫਰਜ਼ਾਂ ਨੂੰ ਸਮਝੋ ਅਤੇ ਉਨ੍ਹਾਂ ਦਾ ਪਾਲਣ ਕਰੋ। ਸਾਨੂੰ ਆਪਣੀ ਟੈਕਸ ਨਿਵਾਸ ਜਾਣਕਾਰੀ ਮੁਹੱਈਆ ਕਰਵਾਓ ਅਤੇ ਆਪਣੇ ਟੈਕਸ ਸੰਬੰਧੀ ਦਸਤਾਵੇਜ਼ਾਂ ਦਾ ਇੱਕ ਸਾਫ ਰਿਕਾਰਡ ਰੱਖੋ
- ਜੇਕਰ ਤੁਹਾਡੇ ਕੋਲ ਇੱਕ ਤੋਂ ਵੱਧ ਪਛਾਣ ਪੱਤਰ ਹਨ, ਤਾਂ ਹਮੇਸ਼ਾ ਆਪਣੇ ਬੈਂਕ ਨੂੰ ਇੱਕੋ ਪਛਾਣ ਪੱਤਰ ਦੀ ਜਾਣਕਾਰੀ ਮੁਹੱਈਆ ਕਰਵਾਓ। ਆਪਣੇ ਪਛਾਣ ਪੱਤਰਾਂ ਵਿੱਚ ਹੋਏ ਕਿਸੇ ਵੀ ਬਦਲਾਓ ਬਾਰੇ ਸਮੇਂ ਉੱਤੇ ਆਪਣੇ ਬੈਂਕ ਨੂੰ ਸੂਚਨਾ ਦਿਓ

